UGC Approved

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਅਪ੍ਰੈਲ - ਜੂਨ 2024



RNI : JKPUN/2002/6333 UGC Care List ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

*(A Creative Journey of Human Values)*

ਸਾਲ : 23 ਅੰਕ : 4 - 6 ਅਪ੍ਰੈਲ-ਜੂਨ 2024

ਬਾਨੀ : ਸ. ਗੁਰਮੁਖ ਸਿੰਘ

ਸੰਪਾਦਕ
ਬਲਜੀਤ ਸਿੰਘ ਰੈਨਾ
ਮੋਬਾ : 9797657211

ਸੰਪਾਦਕ ਮੰਡਲ
ਡਾ. ਮਨੋਜੀਤ
ਮੋਬਾ : 9419139906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 9596652796
ਜੰਗ ਐਸ. ਵਰਮਨ
ਮੋਬਾ : 9419210834

ਸਹਾਇਕ ਸੰਪਾਦਕ
ਡਾ. ਮਮਤਾ
ਮੋਬਾ : 9289287778
ਡਾ. ਰਾਜਵੀਰ ਸਿੰਘ
ਮੋਬਾ : 8492005225
ਪ੍ਰਭਜੋਤ ਕੌਰ
ਮੋਬਾ : 9858219721

ਕਨੇਡਾ ਪ੍ਰਤੀਨਿਧ
ਡਾ. ਅਰਵਿੰਦਰ ਕੌਰ
ਮੋਬਾ : +1 416-450-0554

ਸਲਾਹਕਾਰ ਬੋਰਡ
ਡਾ. ਮਨਮੋਹਨ
ਮੋਬਾ : 8283948811
ਡਾ. ਰਵੇਲ ਸਿੰਘ
ਮੋਬਾ : 9212021195
ਡਾ. ਬਲਜੀਤ ਕੌਰ
ਮੋਬਾ : 9419117484
ਡਾ. ਹਰਜਿੰਦਰ ਸਿੰਘ
ਮੋਬਾ : 9682386430
ਡਾ. ਪ੍ਰੀਤਮ ਸਿੰਘ
ਮੋਬਾ : 8803083825

ਕਾਨੂੰਨੀ ਸਲਾਹਕਾਰ
ਐਡਵੋਕੇਟ ਜਸਮੀਤ ਸਿੰਘ
ਮੋਬਾ : 7006308725

ਈਮੇਲ : baljeetraina58@gmail.com
ਵੈਬਸਾਈਟ : www.aabruparkashan.com

| | | |
|---|---|---|
| ਟਾਈਟਲ ਪੇਂਟਿੰਗ | : | ਸ਼ਕਤੀ ਕੁਮਾਰੀ (ਜੰਮੂ ਕਸ਼ਮੀਰ) |
| ਮੁੱਲ | : | ਇਕ ਕਾਪੀ 150 ਰੁਪਏ |
| ਦੇਸ਼ ਸਲਾਨਾ | : | 600 ਰੁਪਏ |
| ਜੀਵਨਸਾਥ | : | 10,000 ਰੁਪਏ |
| ਵਿਦੇਸ਼ ਸਲਾਨਾ | : | 50 ਡਾਲਰ, 25 ਪੌਂਡ |

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

ਛਾਪਕ, ਪ੍ਰਕਾਸ਼ਕ, ਮਾਲਕ ਅਤੇ ਸੰਪਾਦਕ ਬਲਜੀਤ ਸਿੰਘ ਰੈਨਾ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ।

Printer, Publisher, Owner and Editor Baljeet Singh Raina Printed it at M/S Classic Printers, Bari Brahmana and Published at Aabru office, H.No. 5, Kunjwani, Behind Shaheed Filling Station Jammu-180010.

# ਤਰਤੀਬ

ਸੰਪਾਦਕੀ : ਪਰਾਲੀ ਦਾ ਮਾਇਆ ਜਾਲ/ਡਾ. ਮਨਜੀਤ/3
ਖੋਜ ਪੱਤਰ : ਨਾਵਲ 'ਸਲੇਮ ਬ੍ਰਾਊਨ' : ਵਿਸ਼ਵੀਕਰਨ ਅਤੇ .../ਮਨਿੰਦਰ ਕੌਰ/4
: ਬਲਜੀਤ ਸਿੰਘ ਰੈਨਾ ਰਚਿਤ ਕਹਾਣੀ.../ਡਾ. ਗੁਰਮੀਤ ਸਿੰਘ/8
: ਸੰਗੀਤ ਤੇ ਧਰਮ ਦਾ ਸੰਬੰਧ/ਡਾ. ਮੁਹੰਮਦ ਹਬੀਬ/13
: ਬਲਬੀਰ ਕੌਰ ਸੰਘੇੜਾ ਦੁਆਰਾ ਰਚਿਤ ਕਹਾਣੀ.../ਗੁਰਦੀਪ ਸਿੰਘ/15
: 1990 ਤੋਂ.../ਪਾਲਜੀਤ ਕੌਰ, ਨਿਗਰਾਨ : ਡਾ. ਰਮਨਦੀਪ ਕੌਰ/18
: ਬਾਰਿ ਜਾਉ ਲਖ ਬੇਰੀਆ ਅਤੇ ਵਹੀ ਖਾਤਾ :.../ਸਤਨਾਮ ਕੌਰ/22
: ਬਹੁ-ਪੱਖੀ ਸ਼ਖ਼ਸੀਅਤ : ਡਾ. ਨਵਦੀਪ ਕੌਰ.../ਰਾਜਵਿੰਦਰ ਕੌਰ/25
: ਪੰਜਾਬੀ ਨਾਵਲ : ਸਭਿਆਚਾਰਕ ਪਰਿਵਰਤਨ.../ਡਾ. ਜਸਪਾਲ ਸਿੰਘ/27
: ਪੰਜਾਬੀ ਫ਼ਿਲਮ 'ਇਹ ਜਨਮ ਤੁਮਹਾਰੇ ਲੇਖੇ'.../ਭਵਨਦੀਪ ਕੌਰ/31
: ਗੁਰੂ ਨਾਨਕ ਬਾਣੀ ਵਿਚਲੇ ਸਮਾਜਿਕ ਸਰੋਕਾਰ/ਪਰਨਾਮ ਸਿੰਘ/32
: ਸਾਹਿਤ ਵਿਚ ਲੋਕਧਾਰਾ ਦਾ ਰੂਪਾਂਤਰਣ :.../ਡਾ. ਹਰਜਿੰਦਰ ਸਿੰਘ/34
: ਰਾਜਿੰਦਰ ਸਿੰਘ ਬੇਦੀ : ਜੀਵਨ, ਸ਼ਖ਼ਸੀਅਤ.../ਮਨਜਿੰਦਰ ਕੌਰ/38
: ਜਾਪੁ ਸਾਹਿਬ ਵਿੱਚ ਅਕਾਲ ਪੁਰਖ ਦਾ ਸੰਕਲਪ/ਮਨਫੂਲ ਸਿੰਘ/41
: ਮਾਇਆ ਦਾ ਸੰਕਲਪ/ਨੀਤੂ ਸ਼ਰਮਾ, ਨਿਗਰਾਨ : ਡਾ. ਜੋਤੀ ਸ਼ਰਮਾ/44
: ਪੰਜਾਬ ਦਾ.../ਮਿੱਠੂ ਸਿੰਘ, ਗਾਈਡ : ਡਾ. ਹਰਜਿੰਦਰ ਸਿੰਘ/46
: ਬਾਬਾ ਨਜਮੀ ਦੀ ਕਵਿਤਾ ਦਾ ਲੋਕਧਾਰਾਈ ਅਧਿਐਨ/ਗੁਰਜੀਤ ਕੌਰ/49
: ਆਧੁਨਿਕ ਪੰਜਾਬੀ ਬੀਰ ਕਾਵਿ ਦਾ ਮੁਲਾਂਕਣ/ਹਰਵਿੰਦਰ ਸਿੰਘ/51
: ਕਰਮ ਅਤੇ ਭਗਤੀ : ਸੰਕਲਪ ਤੇ ਸਰੋਕਾਰ/ਹਰਜੀਤ ਸਿੰਘ/54
: ਪਰਵਾਸੀ ਪੰਜਾਬੀ ਕਹਾਣੀ :.../ਪ੍ਰੋ. ਜਸਪਾਲ ਕੌਰ/56
: ਪ੍ਰੋ. ਰਵੇਲ ਸਿੰਘ ਦੇ ਨਾਟਕ 'ਮਰਜਾਣੀਆਂ'.../ਪਰਮਜੀਤ ਕੌਰ/60
: ਪਰਵਾਸ : ਸੰਕਲਪ, ਇਤਿਹਾਸ,.../ਡਾ. ਜਤਿੰਦਰ ਪਾਲ ਸਿੰਘ/62
: ਪੰਜਾਬੀ ਲੇਖਾਂ ਵਿਚ ਪੰਜਾਬੀ ਸੂਬੇ ਦਾ.../ਜਸਮੀਤ ਸਿੰਘ/64
: ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ.../ਸੰਦੀਪ ਸਿੰਘ/67
: ਪੰਜਾਬੀ ਲੋਕ ਕਾਵਿ ਲੋਰੀ : ਸਮਾਜਕ ਸੰਦਰਭ/ਰਘਬੀਰ ਸਿੰਘ/70
: 'ਬੁਰਾ ਭਲਾ ਕੋਈ ਨ ਕਹੀਜੈ'/ਡਾ. ਸੰਦੀਪ ਕੌਰ/73
: ਮਲਵਈ ਬੋਲੀ ਦੀ ਧੁਨੀ ਜੁਗਤ/ਡਾ. ਪਵਨਦੀਪ ਕੌਰ/78
: ਸਵਰਾਜਬੀਰ ਰਚਿਤ ਨਾਟਕ ਕ੍ਰਿਸ਼ਨ :.../ਡਾ. ਅਸ਼ੋਕ ਭਗਤ/81
: ਬਲਦੇਵ ਸਿੰਘ (ਸੜਕਨਾਮਾ) ਦੀਆਂ.../ਸੁਖਦੀਪ ਕੌਰ/85
: ਖ਼ਾਲਿਦ ਹੁਸੈਨ ਦੇ.../ਮੀਨਾਕਸ਼ੀ ਸੇਠੀ, ਨਿਗਰਾਨ : ਡਾ. ਸਤਵੰਤ ਸਿੰਘ/88
: ਪਟਿਆਲਾ ਘਰਾਣੇ ਦਾ ਸਿਰਮੌਰ ਗਾਇਕ-.../ਡਾ. ਪੂਨਮ ਸ਼ਰਮਾ/92
: ਉੱਤਰੀ ਅਮਰੀਕਾ ਦੀ ਪੰਜਾਬੀ ਕਵਿਤਾ :.../ਵਕੀਲ ਸਿੰਘ/96
: ਆਤਮਜੀਤ ਸਿੰਘ ਸਾਹਿਤ-ਚਿੰਤਨ :.../ਜਗਜੀਤ ਸਿੰਘ/99
: ਸਾਂਹਸੀ ਕਬੀਲਾ : ਧਰਮ ਅਤੇ ਪੂਜਾ ਅਸਥਾਨਾਂ.../ਸ਼ਹਿਨਾਜ਼ ਸੰਜੂ/104
: ਸ੍ਰੀ ਹਰਿਮੰਦਰ ਸਾਹਿਬ : ਸਥਾਪਨਾ ਅਤੇ ਮਰਿਯਾਦਾ/ਸਰਬਜੀਤ ਕੌਰ/107
: ਸਾਹਿਤ ਸਿਰਜਣਾ : ਪਾਠ ਤੋਂ ਪ੍ਰਵਚਨ ਦਾ ਸੰਦਰਭ/ਪਵਨਬੀਰ ਸਿੰਘ/111
: ਭਾਰਤੀ ਕਾਵਿ ਸਿਧਾਂਤ 'ਰਸ' ਦੀ.../ਡਾ. ਗੁਰਪ੍ਰੀਤ ਸਿੰਘ/113
: ਗੁਰੂ ਨਾਨਕ ਬਾਣੀ 'ਚ ਵਰਣਿਤ ਸਦਾਚਾਰ.../ਡਾ. ਚਰਨਜੀਤ ਕੌਰ/117
: ਗੁੱਗੇ ਦਾ ਮਿਥਿਹਾਸਕ ਪਰਿਪੇਖ/ਹਰਮਨਪ੍ਰੀਤ ਸਿੰਘ/121
: ਗੁਰੂ ਗੋਬਿੰਦ ਸਿੰਘ : ਮਹਾਨ ਸ਼ਖ਼ਸੀਅਤ/ਪ੍ਰੋ. ਬਲਜੀਤ ਕੌਰ/123
: ਜਿੰਦਰ ਰਚਿਤ ਕਹਾਣੀ "ਮੇਰਾ ਕੋਈ ਕਸੂਰ.../ਡਾ. ਪਰਮਜੀਤ ਕੌਰ/125
: ਤਾਹਿਰਾ ਸਰਾ ਦੀ ਕਾਵਿ-ਦ੍ਰਿਸ਼ਟੀ/ਮਨਜੀਤ ਸਿੰਘ/127
: ਪੰਜਾਬੀ ਸਫ਼ਰਨਾਮਾ ਸਾਹਿਤ : ਪੱਛਮੀ ਪ੍ਰਭਾਵ/ਡਾ. ਜਸਪ੍ਰੀਤ ਕੌਰ/129
: ਪੰਜਾਬੀ ਮਿੰਨੀ ਕਹਾਣੀ ਦਾ ਵਰਤਮਾਨ ਰੂਪ/ਡਾ. ਸੰਦੀਪ ਰਾਣਾ/132
: ਪਾਲੀ ਭੁਪਿੰਦਰ ਸਿੰਘ.../ਰਾਜਵੀਰ ਕੌਰ, ਗਾਈਡ : ਡਾ. ਜੋਤੀ ਸ਼ਰਮਾ/136
: ਭਾਰਤ ਵਿੱਚ ਵੱਖ-ਵੱਖ ਇਤਿਹਾਸਕ ਯੁੱਗਾਂ.../ਡਾ. ਮਾਈਕਲ ਖਿੰਦੋ/139
: ਭਾਸ਼ਾ-ਵਿਗਿਆਨ ਅਤੇ ਗੁਰਮੁਖੀ-ਲਿਪੀ/ਨਸੀਮ ਬਾਨੋ/142
: ਮਨਮੋਹਨ ਕਾਵਿ ਵਿੱਚ ਉੱਤਰ ਆਧੁਨਿਕ ਯੁੱਗ ਦਾ ਯਥਾਰਥ ('ਕਲਪ ਬਿਰਖ ਦੀ ਅਧੂਰੀ.../ਡਾ. ਗੁਰਬਖਸ਼ੀਸ਼ ਚੰਦ, ਡਾ. ਹਰਪ੍ਰੀਤ ਸਿੰਘ/144
: ਵਰਿਆਮ ਮਸਤ ਰਚਿਤ ਨਾਟਕ.../ਚਰਨਜੀਤ ਸਿੰਘ/148
: ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਲੋਕਧਾਰਾ :.../ਵਰਿੰਦਰ ਸਿੰਘ/150
: ਗ਼ਜ਼ਲ ਗਾਇਕੀ ਦੇ ਆਰੰਭਿਕ ਵਿਕਾਸ.../ਡਾ. ਸਾਕਸ਼ੀ ਸ਼ਰਮਾ/153
: ਸ਼ੇਖ਼ ਫ਼ਰੀਦ-ਬਾਣੀ : ਮੁੱਖ ਸਰੋਕਾਰ/ਡਾ. ਬਲਬਹਾਦਰ ਸਿੰਘ/156
: ਜਸਬੀਰ ਭੁੱਲਰ ਦੇ ਕਥਾ-ਜਗਤ ਵਿੱਚ.../ਅਮਨਦੀਪ ਕੌਰ/159
: ਪੰਜਾਬੀ ਭਾਸ਼ਾ ਦਾ ਸੰਖੇਪ ਇਤਿਹਾਸ.../ਡਾ. ਪਰਵੀਨ ਕੌਰ/163
: ਪੰਜਾਬੀ ਵਿੱਚ ਸੰਯੁਕਤ ਅਤੇ ਯੋਗਿਕ.../ਸੋਮੀ ਰਾਮ (ਡਾ.)/165
: ਆਧੁਨਿਕ ਚੇਤਨਾ ਦਾ ਵਿਗਿਆਨਕ ਗਲਪਕਾਰ : ਰਾਜਿੰਦਰ ਬਿਬਰਾ/ਗੁਰਸੇਵਕ ਸਿੰਘ, ਨਿਗਰਾਨ : ਡਾ. ਲਖਵੀਰ ਲੈਜ਼ੀਆ/168
: ਜਗਤਾਰ ਕਾਵਿ ਵਿਚੋਂ ਪ੍ਰਾਪਤ ਗੀਤਾਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ/ਸੁਖਜੀਤ ਸਿੰਘ, ਨਿਗਰਾਨ : ਡਾ. ਲਖਵਿੰਦਰ ਕੌਰ/171
: ਜਸਪਾਲ ਮਾਨਖੇੜਾ ਦੀ ਕਹਾਣੀ 'ਭੈਅ ਮੁਕਤ' ਦਾ ਮਨੋ-ਯਥਾਰਥਕ ਅਧਿਐਨ/ਗੁਰਪ੍ਰੀਤ ਕੌਰ, ਨਿਗਰਾਨ : ਡਾ. ਯਾਦਵਿੰਦਰ ਕੌਰ/173
: 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ'.../ਸਰਿਤਾ ਕੁਮਾਰੀ/176
: ਮਰਦ, ਮਰਦਾਨਗੀ ਅਤੇ ਪੰਜਾਬੀ ਗੀਤ/ਕਿਰਨਪ੍ਰੀਤ ਕੌਰ/178
: 'ਤੰਦ-ਤਾਣੀ' ਦੀ ਵਿਚਾਰਧਾਰਾਈ.../ਡਾ. ਮਨਦੀਪ ਸਿੰਘ/180
: ਸਵਰਾਜਬੀਰ ਦੇ ਨਾਟਕ ਸ਼ਾਇਰੀ ਵਿੱਚ ਨਾਰੀਵਾਦ/ਸੁਖਦੇਵ ਕੌਰ, ਨਿਗਰਾਨ : ਡਾ. ਪਲਵੀ ਸਮਰੋਲ/184
: ਸਮਾਜ ਅਤੇ ਸੱਭਿਆਚਾਰ :.../ਡਾ. ਰਾਜਮਹਿੰਦਰ ਕੌਰ/186
: ਸਵੈ-ਸੰਦੇਹੀ ਸ਼ਖ਼ਸੀਅਤ ਦੇ ਪ੍ਰਗਟਾ ਦਾ ਸੱਚ :.../ਰਮਨਪ੍ਰੀਤ ਕੌਰ/188
: ਸਵਰਾਜਬੀਰ ਨਾਟਕ ਸ਼ਾਇਰੀ ਸਰੋਕਾਰ/ਰਣਜੀਤ ਸਿੰਘ/190
: ਆਧੁਨਿਕ ਪੰਜਾਬੀ ਕਾਵਿ ਤੇ.../ਡਾ. ਮਲਕੀਅਤ ਸਿੰਘ/192
: ਕੁਲਦੀਪ ਸਿੰਘ ਦੀਪ ਦੇ ਨਾਟਕਾਂ ਦੀ ਭਾਸ਼ਾ : ਸਮਾਜ-ਭਾਸ਼ਾ ਵਿਗਿਆਨਕ ਅਧਿਐਨ/ਆਰਤੀ, ਗਾਈਡ : ਡਾ. ਸੋਨਾ/194
: ਅਜਮੇਰ ਸਿੰਘ ਔਲਖ ਦੇ ਨਾਟਕਾਂ ਦੀ ਜਮਾਤੀ-ਚੇਤਨਾ ਦਾ ਰਾਜਸੀ ਪਰਿਪੇਖ/ਗੁਰਲਾਲ ਸਿੰਘ, ਨਿਗਰਾਨ : ਡਾ. ਯਾਦਵਿੰਦਰ ਕੌਰ/198
: 'ਮੱਲ੍ਹਮ' ਕਹਾਣੀ ਵਿਚ ਬਟਵਾਰੇ ਦੀ.../ਡਾ. ਰਮਨਦੀਪ ਕੌਰ/200
: ਹਰੀ ਕ੍ਰਾਂਤੀ ਤੋਂ ਬਾਅਦ ਦੀ ਪੰਜਾਬੀ ਕਵਿਤਾ ਵਿਚ ਪੇਸ਼ ਕਿਸਾਨੀ ਜੀਵਨ ਦਾ.../ਜਗਪਾਲ ਸਿੰਘ, ਨਿਗਰਾਨ : ਡਾ. ਸਤਵੰਤ ਸਿੰਘ/204
: ਸਭਿਆਚਾਰਕ ਰੂਪਾਂਤਰਣ ਅਰਥ ਅਤੇ ਕਾਰਣ : ਵਿਭਿੰਨ ਪਾਸਾਰ/ਡਾ. ਮਨਜੀਤ ਕੌਰ/208
: ਸਵਾਮੀ ਅੰਤਰ ਨੀਰਵ ਰਚਿਤ 'ਨਹੀਂ' ਦੇ.../ਸੰਦੀਪ ਸਿੰਘ (ਡਾ.)/212
: ਸੁਰਿੰਦਰ ਸੀਰਤ ਦੀ ਗ਼ਜ਼ਲ ਰਚਨਾ ਦਾ.../ਸਿਮਰਤ ਸੁਮੈਰਾ/214
: ਹਰਚਰਨ ਸਿੰਘ ਦੇ ਇਤਿਹਾਸਕ ਨਾਟਕ.../ਜਸਪਾਲ ਸਿੰਘ/217
: ਕਹਾਣੀ ਸੰਗ੍ਰਹਿ 'ਪਿੰਡ ਦੀ ਕਰਾਮਾਤ' ਦਾ.../ਕੁਲਵਿੰਦਰ ਕੌਰ/220
: ਗੁਰਬਾਣੀ ਵਿਆਖਿਆਕਾਰੀ ਦੀ ਜੁਗਤ : ਉਥਾਨਕਾ (ਗੁਰੂ ਨਾਨਕ ਦੇਵ ਜੀ ਦੇ ਵਿਸ਼ੇਸ਼ ਹਵਾਲੇ ਨਾਲ)/ਡਾ. ਜਸਵਿੰਦਰ ਕੌਰ/224
: ਜਗਜੀਤ ਬਰਾੜ ਰਚਿਤ ਕਹਾਣੀ.../ਡਾ. ਸਰਬਜੀਤ ਕੌਰ ਸੋਹਲ/227
: ਜਸਵੰਤ ਸਿੰਘ ਕੰਵਲ ਅਤੇ ਵਰਿਆਮ ਸੰਧੂ ਦੀਆਂ ਕਹਾਣੀਆਂ : ਕਿਸਾਨੀ ਜੀਵਨ ਦੇ ਸੰਦਰਭ ਵਿਚ/ਸੰਦੀਪ ਕੌਰ/232
: ਦਲਿਤ ਚੇਤਨਾ ਦਾ ਬਿਰਤਾਂਤਕ ਪ੍ਰਵਚਨ :.../ਬਲਜਿੰਦਰ ਸਿੰਘ/234
: ਧਾੜਵੀ ਨਸਲ ਦੀ ਨਿਸ਼ਾਨਦੇਹੀ ਕਰਦਾ.../ਸੰਜੀਵ ਕੁਮਾਰ/237
: ਨਜ਼ਮ ਹੁਸੈਨ ਸੱਯਦ ਦੇ ਨਾਟਕ 'ਦੀਵਾ ਮੁੰਦਰੀ' ਦਾ.../ਅਮਰ ਹਰਜੋਤ ਕੌਰ, ਨਿਗਰਾਨ : ਡਾ. ਯਾਦਵਿੰਦਰ ਕੌਰ/241
: ਮਲਵਈ ਉਪਭਾਸ਼ਾ ਦੀ ਵਾਕ ਬਣਤਰ ਦਾ ਵਾਕ ਸਰੂਪ ਅਤੇ ਵਾਕੰਸ਼ ਉਸਾਰੀ ਪੱਖ (ਵਿਸ਼ੇਸ਼ ਨਾਂਵ-ਵਾਕੰਸ਼.../ਡਾ. ਸੰਦੀਪ ਸਿੰਘ/243
: 'ਮਿੱਟੀ ਰੰਗੇ ਲੋਕ' ਕਹਾਣੀ ਸੰਗ੍ਰਹਿ (ਦਲਿਤ ਦ੍ਰਿਸ਼ਟੀ.../ਰਿੰਕੂ/251
: ਸਮਾਜਿਕ ਬੁਰਾਈਆਂ ਅਤੇ ਗੁਰੂ ਗ੍ਰੰਥ ਸਾਹਿਬ/ਡਾ. ਮਨਵਿੰਦਰ ਸਿੰਘ/253
: ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ :.../ਸੁਮਨਜੀਤ ਕੌਰ/255
: ਬਸਤੀਵਾਦੀ ਦੌਰ ਦਾ ਸੰਕਟ ਅਤੇ ਮੁੱਢਲੇ.../ਸਰਬਜੀਤ ਕੌਰ/258

ਖੋਜ ਪੱਤਰ

# ਪੰਜਾਬ ਦਾ ਸਮਾਜ-ਸਭਿਆਚਾਰਕ ਵਿਰਸਾ ਅਤੇ ਨਿਰਮਲਾ ਪੰਥ



— ਮਿੰਟੂ ਸਿੰਘ, ਗਾਈਡ : ਡਾ. ਹਰਜਿੰਦਰ ਸਿੰਘ —

ਪੰਜਾਬ ਦੀ ਧਰਤੀ ਸਭਿਅਤਾ ਦੇ ਆਦਿ ਬਿੰਦੂ ਤੋਂ ਹੀ ਪ੍ਰਕ੍ਰਿਤਕ ਸੋਮਿਆਂ ਸਦਕਾ ਰਮਣੀਕਤਾ ਦੀ ਧਾਰਨੀ ਰਹੀ ਹੈ। ਇੱਥੋਂ ਦੇ ਜਾਇਆਂ ਨੇ ਪਦਾਰਥਕ ਲੱਭਤਾਂ ਦੇ ਨਾਲ-ਨਾਲ ਸਿਰਜਣਾਤਮਕ ਰੁਚੀਆਂ ਨੂੰ ਵੀ ਅੰਗੀਕਾਰ ਕਰੀ ਰੱਖਿਆ ਹੈ। ਭਾਰਤੀ ਗਿਆਨ ਪਰੰਪਰਾ ਦੀ ਇਤਿਹਾਸਕ ਵਿਕਾਸ ਯਾਤਰਾ ਨੂੰ ਜੁੰਬਿਸ਼ ਦੇਣ ਵਿਚ ਪੰਜਾਬ ਦੇ ਜਾਇਆਂ ਦੀ ਪ੍ਰਮੁੱਖ ਭੂਮਿਕਾ ਰਹੀ ਹੈ। ਇਸੇ ਸਿਰਜਣਸ਼ੀਲਤਾ ਦੀ ਨਿੰਤਰਤਾ ਵਿਚ ਸਿੱਖ ਧਰਮ ਦੀ ਉਤਪਤੀ ਤੇ ਵਿਕਾਸ ਦੇ ਨਾਲ-ਨਾਲ ਪੰਜਾਬ ਦੀ ਸਮਾਜ-ਸਭਿਆਚਾਰਕ ਗੌਰਵਤਾ ਵਿਚ ਹੋਰ ਵਾਧਾ ਹੋਇਆ ਹੈ। ਸਿੱਖ ਧਰਮ ਭਾਰਤੀ ਸਮਾਜ-ਸਭਿਆਚਾਰ ਦੀ ਪੁੰਨਰ ਘਾੜਤ ਲਈ ਵੱਖ-ਵੱਖ ਪੱਖਾਂ ਤੋਂ ਕਾਰਜਸ਼ੀਲ ਰਿਹਾ ਹੈ। ਸਿੱਖ ਮੱਤ ਨੇ ਜਿੱਥੇ ਸਦੀਆਂ ਤੋਂ ਤੁਰੀ ਆਉਂਦੀ ਭਾਰਤੀ ਜਾਤ-ਪਾਤੀ ਵਿਵਸਥਾ ਨੂੰ ਚੁਣੌਤੀ ਦੇ ਕੇ ਧਰਮ ਰੱਖਿਆ ਲਈ ਸਾਧਰਨ ਲੋਕਾਂ ਨੂੰ ਜੁਝਾਰੂ ਯੋਧੇ ਬਣਾਇਆ ਉੱਥੇ ਉਨ੍ਹਾਂ ਦੀ ਬੌਧਿਕ ਦ੍ਰਿੜਤਾ ਲਈ ਵੀ ਅਨੇਕ ਯਤਨ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੱਕ ਧਰਮ ਦੇ ਵਿਸਥਾਰ ਲਈ ਸਿੱਖ ਧਰਮ ਦੀਆਂ ਅਨੇਕਾਂ ਉਪ-ਸੰਪ੍ਰਦਾਵਾਂ ਹੋਂਦ ਵਿਚ ਆਈਆਂ। ਇਨ੍ਹਾਂ ਵਿਚੋਂ ਨਿਰਮਲਾ ਪੰਥ ਬਹੁਤ ਮਹੱਤਵਪੂਰਨ ਸੰਪਰਦਾਇ ਹੈ ਜੋ ਸਿੱਖ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਦੇ ਨਾਲ-ਨਾਲ ਪੰਜਾਬ ਦੀ ਸਮਾਜ-ਸਭਿਆਚਾਰਕ ਵਿਰਸੇ ਨੂੰ ਬਚਾਈ ਲਈ ਨਿਰੰਤਰ ਕਾਰਜਸ਼ੀਲ ਹੈ। ਇਸ ਪੰਥ ਨਾਲ ਜੁੜੇ ਨਿਰਮਲੇ ਸੰਤ ਧਾਰਮਿਕ ਗ੍ਰੰਥਾਂ ਦੀ ਦਾਰਸ਼ਨਿਕ ਵਿਆਖਿਆ/ਵਿਸ਼ਲੇਸ਼ਣ ਹੀ ਨਹੀਂ ਕਰਦੇ ਸਗੋਂ ਸਮੁੱਚੀ ਮਾਨਵਤਾ ਦੀ ਸਮਾਜ-ਸਭਿਆਚਾਰਕ ਅਗਵਾਈ ਕਰਨ ਲਈ ਵੀ ਹਮੇਸ਼ਾ ਯਤਨਸ਼ੀਲ ਰਹੇ ਹਨ।

ਇਤਿਹਾਸਕ ਦ੍ਰਿਸ਼ਟੀ ਤੋਂ ਵਾਚਿਆਂ ਸਪੱਸ਼ਟ ਹੁੰਦਾ ਹੈ ਕਿ ਜਿਸ ਸਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲਾ ਪੰਥ ਦੀ ਸਾਜਣਾ ਕਰਨ ਦੇ ਯਤਨ ਸ਼ੁਰੂ ਕੀਤੇ, ਉਸ ਸਮੇਂ ਭਾਰਤੀ ਸਮਾਜ-ਸਭਿਆਚਾਰਕ ਪਰਿਵੇਸ਼ ਵਿਚ ਮੁੱਖ ਧਿਰ ਵਜੋਂ ਕਾਰਜ ਕਰ ਰਹੀ ਜਮਾਤ ਨੇ ਗਿਆਨ ਪ੍ਰਾਪਤੀ ਨੂੰ ਸਧਾਰਨ ਜਨ-ਮਾਨਸ ਤੋਂ ਦੂਰ ਕਰਕੇ ਇਕ ਵਿਸ਼ੇਸ਼ ਸ਼੍ਰੇਣੀ ਤਕ ਸੀਮਿਤ ਕੀਤਾ ਹੋਇਆ ਸੀ। ਸ਼ਸਤਰ ਵਿਦਿਆ ਦੇ ਨਾਲ-ਨਾਲ ਸਿੱਖਾਂ ਦੀ ਬੌਧਿਕਤਾ ਨੂੰ ਉਚਿਆਉਣ ਲਈ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਸ਼ਾਸਤਰ ਦੀ ਵਿਦਿਆ ਦੇਣੀ ਵੀ ਲਾਜ਼ਮੀ ਸਮਝੀ। ਨਿਰਮਲਾ ਪੰਥ ਦੀ ਸਾਜਨਾ ਇਸ ਗੱਲ ਦਾ ਪ੍ਰਮਾਣਿਕ ਤੱਥ ਹੈ ਕਿ ਉਸ ਸਮੇਂ ਆਮ ਲੋਕਾਂ ਵਿਚ ਵਿਦਿਆ ਦੀ ਚੇਟਕ ਨਾ-ਮਾਤਰ ਸੀ। ਗੁਰੂ ਸਾਹਿਬ ਵਿਦਿਅਕ ਰੁਚੀ ਨੂੰ ਸਿੱਖਾਂ ਵਿਚ ਪੈਦਾ ਕਰਨ ਦੇ ਇੱਛਕ ਸਨ। ਗੁਰੂ ਸਾਹਿਬ ਨੂੰ ਅਹਿਸਾਸ ਸੀ ਕਿ ਸਿੱਖਾਂ ਲਈ ਬਾਹੂਬਲੀ ਹੋਣ ਦੇ ਨਾਲ-ਨਾਲ ਗਿਆਨਵਾਨ ਹੋਣਾ ਵੀ ਲਾਜ਼ਮੀ ਹੈ।

ਇਹਨਾਂ ਸਥਿਤੀਆਂ/ਪ੍ਰਸਥਿਤੀਆਂ ਵਿਚੋਂ ਹੀ ਨਿਰਮਲਾ ਪੰਥ ਦੇ ਜਨਮ ਤੇ ਵਿਕਾਸ ਨੂੰ ਸਮਝਿਆ ਜਾ ਸਕਦਾ ਹੈ। ਨਿਰਮਲਾ ਸੰਪਰਦਾਇ ਦੇ ਜਨਮ ਬਾਰੇ ਮੱਤਭੇਦ ਰਹੇ ਹਨ। ਕੁਝ ਵਿਦਵਾਨ ਇਸ ਸੰਪ੍ਰਦਾਇ ਨੂੰ ਗੁਰੂ ਨਾਨਕ ਦੇਵ ਜੀ ਨਾਲ ਜੋੜਦੇ ਹਨ ਅਤੇ ਕੁਝ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਦੇ ਹਨ :

> ਨਿਰਮਲ ਪੰਥ ਪ੍ਰਦੀਪਿਕਾ, ਨਿਰਮਲ ਭੂਸ਼ਣ, ਨਿਰਮਲ ਪੰਥ-ਦਰਸ਼ਨ ਆਦਿ ਸੰਪ੍ਰਦਾਇਕ ਪੁਸਤਕਾਂ ਵਿਚ ਗੁਰੂ ਨਾਨਕ-ਬਾਣੀ ਅਤੇ ਭਾਈ ਗੁਰਦਾਸ-ਬਾਣੀ (ਮਾਰਿਆ ਸਿਕਾ ਜਗਤਿ ਵਿਚ, ਨਾਨਕ ਨਿਰਮਲ ਪੰਥ ਚਲਾਇਆ) ਦੀਆਂ ਟੂਕਾਂ ਦੇ ਆਧਾਰ 'ਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਨਿਰਮਲ-ਸੰਪਰਦਾਇ ਗੁਰੂ ਨਾਨਕ ਦੇਵ ਤੋਂ ਹੀ ਹੋਂਦ ਵਿਚ ਆ ਚੁਕਿਆ ਸੀ।[1]

ਇਤਿਹਾਸਕ ਸਰੋਤਾਂ ਦਾ ਗੰਭੀਰਤਾ ਨਾਲ ਅਧਿਐਨ ਕੀਤਿਆਂ ਸਪੱਸ਼ਟ ਹੁੰਦਾ ਹੈ ਕਿ ਇਸ ਪ੍ਰਕਾਰ ਦੀਆਂ ਧਾਰਨਾਵਾਂ ਨਿਰੋਲ ਸ਼ਰਧਾ-ਭਾਵਨਾ ਅਧੀਨ ਉਸਰੀਆਂ ਹਨ ਜੋ ਵਿਗਿਆਨਕ ਤੱਥਾਂ 'ਤੇ ਘੱਟ ਅਤੇ ਵਿਸ਼ਵਾਸ ਆਧਾਰਤ ਵਧੇਰੇ ਜਾਪਦੀਆਂ ਹਨ। ਇਤਿਹਾਸਕ ਪ੍ਰਮਾਣਾਂ ਦੇ ਆਧਾਰ 'ਤੇ ਇਹ ਸਿੱਧ ਹੁੰਦਾ ਹੈ ਕਿ ਨਿਰਮਲਾ ਪੰਥ ਦਾ ਉਦੈ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਯਤਨਾਂ ਸਦਕਾ ਹੋਇਆ ਹੈ। ਗੁਰੂ ਸਾਹਿਬ ਦੁਆਰਾ ਨਿਰਮਲਾ ਪੰਥ ਦੀ ਸਾਜਨਾ ਦੀ ਪਿੱਠਭੂਮੀ ਵਿਚ ਗੁਰਮਤਿ ਪ੍ਰਚਾਰ ਦਾ ਉਹ ਏਜੰਡਾ ਵੀ ਪਿਆ ਨਜ਼ਰ ਆਉਂਦਾ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਰਾਹੀਂ ਆਰੰਭਿਆ ਸੀ। ਇਸ ਪ੍ਰਸੰਗ ਵਿਚ ਡਾ. ਸੁਰਜੀਤ ਭੱਟੀ ਲਿਖਦੇ ਹਨ :

> ਗੁਰੂ ਸਾਹਿਬ ਚਾਹੁੰਦੇ ਸਨ ਕਿ ਸਿੱਖ ਵਿਦਵਾਨ ਸਾਰੀ ਭਾਰਤੀ ਅਧਿਆਤਮਕ ਤੇ ਹੋਰ ਹਰ ਪ੍ਰਕਾਰ ਦੀ ਵਿਦਿਆ ਤੋਂ ਜਾਣੂ ਹੋਣ। ...ਪਰ ਉਸ ਸਮੇਂ ਦੇ ਹਿੰਦੂ ਵਿਦਿਅਕ ਕੇਂਦਰਾਂ ਵਿਸ਼ੇਸ਼ ਕਰਕੇ ਕਾਸ਼ੀ ਵਿਖੇ ਗ਼ੈਰ-ਬ੍ਰਾਹਮਣਾਂ ਨੂੰ ਵੇਦ-ਵਿਦਿਆ ਨਹੀਂ ਸੀ ਦਿੱਤੀ ਜਾਂਦੀ, ਗੁਰੂ ਸਾਹਿਬ ਨੇ ਪੰਜ ਸਿੱਖਾਂ ਨੂੰ ਬ੍ਰਹਮਚਾਰੀ ਭੇਸ ਵਿਚ ਸੰਸਕ੍ਰਿਤ ਦੀ ਵਿਦਿਆ ਲਈ ਕਾਸ਼ੀ ਭੇਜਿਆ। ਇਹ ਪੰਜ ਸਿੱਖ ਸੰਸਕ੍ਰਿਤ ਗ੍ਰੰਥਾਂ ਦੇ ਪੂਰਨ ਵਿਦਵਾਨ ਬਣ ਕੇ ਆਏ ਅਤੇ ਉਸ ਪ੍ਰਿਸ਼ਠ-ਭੂਮੀ ਸਹਿਤ ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਵਿਚਾਰ ਆਰੰਭ ਦਿੱਤੀ। ਇਹਨਾਂ ਨੇ ਅੱਗੋਂ ਬਹੁਤ ਸਿੱਖਾਂ ਨੂੰ ਸੰਸਕ੍ਰਿਤ ਵਿਆਖਿਆ ਸਿਖਾਈ ਤੇ ਇਸ ਤਰ੍ਹਾਂ ਨਿਰਮਲਾ ਪੰਥ ਹੀ ਬਣ ਗਿਆ ਜੋ ਸਿੱਖ ਪੰਥ ਦਾ ਅੰਗ ਹੈ।[2]

ਜਾਹਿਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਸ਼ਾਲ ਦ੍ਰਿਸ਼ਟੀ ਦੇ ਧਾਰਨੀ ਵਿਦਵਾਨ ਅਤੇ ਅਧਿਆਤਮਕ ਗੁਰੂ ਸਨ। ਇਹੋ ਵਜ੍ਹਾ ਹੈ ਕਿ ਉਹਨਾਂ ਨੇ ਨਿਰਮਲਾ ਪੰਥ ਦੀ ਸਥਾਪਨਾ ਕੇਵਲ ਸਿੱਖਾਂ ਨੂੰ ਹੀ ਗਿਆਨਵਾਨ ਬਣਾਉਣ ਲਈ ਨਹੀਂ ਸੀ ਕੀਤੀ ਸਗੋਂ ਸਮੁੱਚੀ ਮਾਨਵਤਾ ਵਿਚ ਗੁਰਮਤਿ ਫਲਸਫੇ ਨੂੰ ਪਹੁੰਚਾਉਣ ਦਾ ਇਹ ਇਕ ਇਤਿਹਾਸਕ ਉਪਰਾਲਾ ਸੀ। ਨਿਰਮਲਾ ਪੰਥ ਦੀ ਸਾਜਣਾ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਯਤਨਾਂ ਨੂੰ ਦ੍ਰਿੜ ਕਰਦੇ ਹੋਏ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਸਿੱਖਾਂ ਦੇ ਸੰਸਕ੍ਰਿਤਿਕ ਆਧਾਰ ਨੂੰ ਦ੍ਰਿੜ ਕਰਨ ਲਈ ਗੁਰੂ ਗੋਬਿੰਦ ਸਿੰਘ ਨੇ ਸੰਨ 1686 ਈ. ਵਿਚ

ਪੰਜ ਸਿੱਖਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਸੋਭਾ ਸਿੰਘ ਅਤੇ ਨਾਮਾਂਤਰ ਸੈਣਾ ਸਿੰਘ) ਨੂੰ ਬ੍ਰਹਮਚਾਰੀ ਭੇਖ ਵਿਚ ਸੰਸਕ੍ਰਿਤ ਪੜ੍ਹਨ ਲਈ ਬਨਾਰਸ (ਕਾਸ਼ੀ) ਵਿਚ ਭੇਜਿਆ।[3] ਇਹਨਾਂ ਸਰੋਤਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਰੋਤ ਹਨ ਜਿਨ੍ਹਾਂ ਵਿਚ ਨਿਰਮਲਾ ਪੰਥ ਦੇ ਜਨਮ ਬਾਰੇ ਕੇਵਲ ਇਹ ਦੱਸਿਆ ਹੈ ਕਿ ਇਸ ਪੰਥ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਗਈ ਹੈ

ਇਸੇ ਤਰ੍ਹਾਂ ਨਿਰਮਲਾ ਪੰਥ ਦੇ ਉਦੈ ਬਾਰੇ ਚਰਚਾ ਕਰਦੇ ਹੋਏ ਪ੍ਰੀਤਮ ਸਿੰਘ ਲਿਖਦੇ ਹਨ ਕਿ ਪਹਿਲੀ ਗੱਲ ਇਹ ਹੈ ਕਿ ਗਿਆਨੀ ਗਿਆਨ ਸਿੰਘ ਦੀ ਰਚਨਾ 'ਨਿਰਮਲ ਪੰਥ ਪ੍ਰਦੀਪਿਕਾ (1891 ਈ.) ਬਹੁਤ ਹੀ ਬਾਅਦ ਦਾ ਸ੍ਰੋਤ ਹੈ। ਇਸ ਤੋਂ ਪਹਿਲੇ ਕਿਸੇ ਵੀ ਗੁਰਮੁਖੀ ਸ੍ਰੋਤ ਵਿਚ ਨਿਰਮਲ ਪੰਥ ਦੇ ਆਰੰਭ ਬਾਰੇ ਕੁੱਝ ਪ੍ਰਾਪਤ ਨਹੀਂ...ਇਹਨਾਂ ਅਨੁਸਾਰ ਪਾਉਂਟਾ ਨਿਵਾਸ ਸਮੇਂ, 1686 ਈ. ਵਿਚ, ਗੁਰੂ ਗੋਬਿੰਦ ਸਿੰਘ ਨੇ ਪੰਜ ਸਿਖਾਂ ਕਰਮ ਸਿੰਘ, ਗੰਡਾ ਸਿੰਘ, ਰਾਮ ਸਿੰਘ, ਸੈਣਾ ਸਿੰਘ ਤੇ ਵੀਰ ਸਿੰਘ ਨੂੰ ਬਨਾਰਸ ਵਿਚ ਸੰਸਕ੍ਰਿਤ-ਵਿਦਿਆ ਦੀ ਪ੍ਰਾਪਤੀ ਵਾਸਤੇ ਭੇਜਿਆ ਸੀ।[4] ਗਿਆਨੀ ਗਿਆਨ ਸਿੰਘ ਦੀ ਇਸ ਰਚਨਾ ਨੂੰ ਆਧਾਰ ਬਣਾ ਕੇ ਮੰਨਿਆ ਜਾ ਸਕਦਾ ਹੈ ਕਿ ਖਾਲਸਾ ਪੰਥ ਦੀ ਸਥਾਪਨਾ (1699 ਈ.) ਤੋਂ ਤੇਰ੍ਹਾਂ ਵਰ੍ਹੇ ਪਹਿਲਾਂ 1686 ਈ. ਵਿਚ ਸਿੱਖਾਂ ਦੀ ਇਸ ਵਿਦਵਾਨ ਸੰਪ੍ਰਦਾਇ ਦਾ ਆਰੰਭ ਹੋ ਚੁਕਿਆ ਸੀ। ਇਉਂ ਨਿਰਮਲਾ ਪੰਥ ਦੇ ਉਦੈ ਕਾਲ ਬਾਰੇ ਵੱਖ-ਵੱਖ ਵਿਦਵਾਨਾਂ ਵੱਲੋਂ ਪ੍ਰਸਤੁਤ ਕੀਤੀਆਂ ਧਾਰਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਨਿਰਮਲਾ ਪੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੰਜ ਸਿੱਖਾਂ ਨੂੰ ਸ਼ਾਸਤਰ ਵਿਦਿਆ ਲਈ ਕਾਸ਼ੀ ਭੇਜਣ ਨਾਲ ਹੀ ਹੋਂਦ ਵਿਚ ਆ ਜਾਂਦਾ ਹੈ। ਨਿਰਮਲਾ ਪੰਥ ਅਸਲ ਵਿਚ ਸਿੱਖ ਵਿਦਵਾਨਾਂ ਦਾ ਅਜਿਹਾ ਪੰਥ ਹੈ ਜੋ ਗੁਰਬਾਣੀ ਦੀ ਵਿਆਖਿਆ ਭਾਰਤੀ ਗਿਆਨ ਪਰੰਪਰਾ ਅਨੁਸਾਰ ਕਰਦਾ ਹੈ ਅਤੇ ਲੋਕਾਂ ਦੇ ਅਧਿਆਤਮਕ ਜੀਵਨ ਦੇ ਨਾਲ-ਨਾਲ ਉਹਨਾਂ ਦੇ ਸਮਾਜ-ਸਭਿਆਚਾਰਕ ਜੀਵਨ ਨੂੰ ਸੁਚਾਰੂ ਰੂਪ ਦੇਣ ਲਈ ਵੀ ਕਾਰਜਸ਼ੀਲ ਹੈ।

ਨਿਰਮਲਾ ਪੰਥ ਨੇ ਪੰਜਾਬ ਦੀ ਸਮਾਜ-ਸਭਿਆਚਾਰਕ ਬਣਤਰ ਵਿਚ ਵਿਲੱਖਣਤਾ ਵਾਲਾ ਕਾਰਜ਼ ਕੀਤਾ ਹੈ। ਸਿੱਖ ਧਰਮ ਨਾਲ ਸੰਬੰਧਿਤ ਬਹੁਤ ਸਾਰੇ ਗ੍ਰੰਥ ਨਿਰਮਲਾ ਪੰਥ ਦੇ ਡੇਰਿਆਂ ਵਿਚ ਲਿਖੇ ਮਿਲਦੇ ਹਨ। ਨਿਰਮਲਾ ਪੰਥ ਸਿੱਖ ਫਲਸਫੇ ਦੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਕਰਨ ਸਮੇਂ ਭਾਰਤੀ ਗਿਆਨ ਪਰੰਪਰਾ ਨੂੰ ਆਧਾਰ ਬਣਾਉਂਦਾ ਹੈ। ਭਾਰਤੀ ਸਮਾਜ-ਸਭਿਆਚਾਰ ਵਿਚ ਨਿਰਮਲਾ ਪੰਥ ਦੇ ਡੇਰਿਆਂ ਦੀ ਵੱਖਰਤਾ ਇਹ ਹੈ ਕਿ ਇਹ ਡੇਰੇ ਭਾਰਤੀ ਗਿਆਨ ਦਰਸ਼ਨ ਅਤੇ ਸਿੱਖ ਫਲਸਫੇ ਵਿਚ ਸਾਂਝ ਸਥਾਪਿਤ ਕਰਦੇ ਹਨ। ਨਿਰਮਲਾ ਪੰਥ ਨੇ ਆਪਣੇ ਆਸ਼ੇ ਅਨੁਸਾਰ ਸਮੁੱਚੀਆਂ ਸੰਪ੍ਰਦਾਵਾਂ ਤੋਂ ਵੱਧ ਸਾਹਿਤ ਸਿਰਜਣਾ ਕੀਤੀ। ਨਿਰਮਲਿਆਂ ਨੇ ਜਿੱਥੇ ਭਾਰਤੀ ਦਾਰਸ਼ਨਿਕ ਗ੍ਰੰਥਾਂ ਦਾ ਅਨੁਵਾਦ ਸਰਲ ਭਾਸ਼ਾ ਵਿਚ ਕੀਤਾ ਉੱਥੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਅਤੇ ਗੁਰਮਤਿ ਸੰਕਲਪਾਂ ਦੀ ਵਿਆਖਿਆ ਕਰਕੇ ਭਾਰਤੀ ਗਿਆਨ ਦਰਸ਼ਨ ਦੀ ਸ਼ੋਭਾ ਵੀ ਵਧਾਈ ਹੈ। ਨਿਰਮਲਿਆਂ ਨੂੰ ਇਸ ਗੱਲ ਦਾ ਤੀਖਣ ਅਹਿਸਾਸ ਸੀ ਕਿ ਗੁਰਬਾਣੀ ਦੇ ਗੂੜ੍ਹ ਸੰਕਲਪਾਂ ਦੀ ਵਿਆਖਿਆ ਕੀਤੇ ਬਿਨਾਂ ਆਮ ਲੋਕਾਈ ਲਈ ਇਸ ਨੂੰ ਸਮਝਣਾ ਕਠਿਨ ਕਾਰਜ ਹੋ ਸਕਦਾ ਹੈ। "ਗੁਰਬਾਣੀ ਲੋਕ-ਭਾਸ਼ਾ ਵਿਚ ਰਚੀ ਜਾਣ ਦੇ ਬਾਵਜੂਦ 'ਬ੍ਰਹਮ-ਵਿਚਾਰ' ਹੋਣ ਕਾਰਨ ਹਰ ਸਾਧਾਰਨ ਮਨੁੱਖ ਦੀ ਬੌਧਿਕ ਸਮਰੱਥਾ ਤੋਂ ਬਹੁਤ ਬਾਹਰ ਸੀ। ਇਸ ਗੂੜ੍ਹ 'ਬ੍ਰਹਮ-ਗਿਆਨ' ਨੂੰ ਆਮ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾਉਣ ਹਿੱਤ ਇਸ ਦੀ ਵਿਆਖਿਆ ਕੀਤੀ ਜਾਣੀ ਪਹਿਲੀ ਇਤਿਹਾਸਕ ਜ਼ਰੂਰਤ ਸੀ।[5] ਅਜੋਕੇ ਗਿਆਨ-ਵਿਗਿਆਨ ਨੇ ਜਿੱਥੇ ਮਨੁੱਖ ਨੂੰ ਤਰਕਵਾਦੀ ਬਣਾਇਆ ਹੈ ਉੱਥੇ ਕਈ ਪੱਧਰਾਂ 'ਤੇ ਮਨੁੱਖ ਸੰਕੀਰਣਤਾ ਦਾ ਸ਼ਿਕਾਰ ਵੀ ਹੋਇਆ ਹੈ, ਇਹੋ ਵਜ੍ਹਾ ਹੈ ਕਿ ਉਹ ਸਰਬੱਤ ਦੇ ਭਲੇ ਵਰਗੇ ਮਾਨਵਵਾਦੀ ਸੰਕਲਪਾਂ ਨੂੰ ਤਿਆਗ ਕਿ ਨਾ-ਕੇਵਲ ਆਪ ਨਿੱਜ ਤੱਕ ਮਹਿਦੂਦ ਹੋਇਆ ਹੈ ਸਗੋਂ ਦੂਜਿਆਂ ਨੂੰ ਵੀ ਇਸੇ ਦ੍ਰਿਸ਼ਟੀ ਤੋਂ ਵੇਖ ਰਿਹਾ ਹੈ। ਅਜਿਹੀ ਸੰਕੀਰਨ ਭਾਵਨਾ ਤੋਂ ਬਹੁਤ ਸਾਰੇ ਵਿਦਵਾਨ ਵੀ ਅਣਛੋਹੇ ਨਹੀਂ ਹਨ। ਇਹੋ ਵਜ੍ਹਾ ਹੈ ਕਿ ਉਹ ਨਿਰਮਲਾ ਪੰਥ ਨੂੰ ਅਵਤਾਰਵਾਦ ਨਾਲ ਜੋੜਦੇ ਹਨ ਪਰੰਤੂ ਇਸ ਧਾਰਨਾ ਨੂੰ ਪੁਨਰ ਵਿਸ਼ਲੇਸ਼ਤ ਕਰਨ ਦੀ ਲੋੜ ਹੈ। ਅਜਿਹੀ ਇਕ ਪਾਸੜ ਧਾਰਨਾ ਦੇ ਸਮੱਰਥਕਾਂ ਵੱਲੋਂ ਨਿਰਮਲਾ ਸੰਪਰਦਾਇ ਵੱਲੋਂ ਸਾਹਿਤਕ ਅਤੇ ਸਮਾਜ-ਸਭਿਆਚਾਰਕ ਵਿਰਸੇ ਦੀ ਸਾਂਭ ਸੰਭਾਲ ਵਿਚ ਪਾਏ ਯੋਗਦਾਨ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ।

ਨਿਰਮਲਾ ਪੰਥ ਦੇ ਪ੍ਰਸੰਗ ਵਿਚ ਇਹ ਕਹਿਣਾ ਵਾਜ਼ਬ ਹੋਵੇਗਾ ਕਿ ਨਿਰਮਲਿਆਂ ਦੀ ਆਸਥਾ ਸਿੱਖ ਅਤੇ ਭਾਰਤੀ ਗਿਆਨ ਪਰੰਪਰਾ ਨੂੰ ਨਾਲ ਲੈ ਕੇ ਚਲਦੀ ਹੈ ਕਿਉਂਕਿ ਜਦੋਂ ਗੁਰੂ ਗੋਬਿੰਦ ਸਿੰਘ ਨੇ ਨਿਰਮਲਿਆਂ ਨੂੰ ਸੰਸਕ੍ਰਿਤ ਸਿੱਖਣ ਲਈ ਬਨਾਰਸ ਭੇਜਿਆ ਤਾਂ ਉਥੇ ਉਸ ਸਮੇਂ ਹਿੰਦੂ ਧਰਮ ਦਾ ਵਧੇਰੇ ਬੋਲਬਾਲਾ ਸੀ ਜਿਸ ਵਿਚ ਸਰਗੁਣ ਤੇ ਨਿਰਗੁਣ ਭਗਤੀ ਦੇ ਪ੍ਰਮਾਣ ਮਿਲਦੇ ਹਨ। ਬਨਾਰਸੀ ਸਮਾਜ-ਸਭਿਆਚਾਰ ਵਿਚ ਜ਼ਿਆਦਾਤਰ ਹਿੰਦੂ ਧਰਮ ਨਾਲ ਸੰਬੰਧਤ ਲੋਕ ਹੋਣ ਕਾਰਨ ਨਿਰਮਲੇ ਸੰਤ ਇਨ੍ਹਾਂ ਹਿੰਦੂ ਲੋਕਾਂ ਵਿਚ ਹੀ ਆਪਣੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ। ਇਸ ਕਾਰਨ ਵਿਦਵਾਨਾਂ ਨੇ ਨਿਰਮਲਿਆਂ ਨੂੰ ਵੈਦਿਕ ਪਰੰਪਰਾ ਨਾਲ ਜੋੜਕੇ ਵੇਖਿਆ ਹੈ। ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਨਿਰਮਲਿਆਂ ਤੋਂ ਪਹਿਲਾਂ ਸਿੱਖ ਦਰਸ਼ਨ ਦਾ ਭਾਰਤੀ ਗਿਆਨ ਜਾਂ ਵੈਦਿਕ ਗਿਆਨ ਪਰੰਪਰਾ ਨਾਲ ਕੋਈ ਸੰਬੰਧ ਨਹੀਂ ਸੀ। "ਭਾਵੇਂ ਗੁਰੂ ਨਾਨਕ ਅਤੇ ਹੋਰ ਗੁਰੂਆਂ ਨੇ ਲਗਾਤਾਰ ਭਗਤੀ 'ਤੇ ਜ਼ੋਰ ਦਿੱਤਾ ਪਰੰਤੂ ਫਿਰ ਵੀ ਸਿੱਖ ਸੰਪ੍ਰਦਾਇ ਕਦੇ ਵੀ ਸਾਕਾਰ ਉਪਾਸਨਾ ਦਾ ਵਿਰੋਧੀ ਨਹੀਂ ਹੋਇਆ।"[6] ਮਨੁੱਖ ਸਿਰਜਿਤ ਕੋਈ ਵੀ ਅਜਿਹਾ ਅਨੁਸ਼ਾਸਨ ਨਹੀਂ ਜਿਸਦਾ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਹੋਰ ਸੰਸਥਾ ਜਾਂ ਪੰਰਪਰਾ ਨਾਲ ਨਾ ਹੋਵੇ। 'ਹਰ ਧਰਮ-ਸੰਸਥਾ ਦਾ ਇਕ ਤਾਂ ਆਪਣਾ ਅੰਦਰੂਨੀ ਦ੍ਰਿਸ਼ਟੀ-ਬਿੰਦੂ ਹੁੰਦਾ ਹੈ ਜੋ ਉਸ ਦੀਆਂ ਪਰਾਭੌਤਿਕ ਮਾਨਤਾਵਾਂ ਉੱਪਰ ਆਧਾਰਿਤ ਹੁੰਦਾ ਹੈ। ਪਰ ਇਸ ਤੋਂ ਇਲਾਵਾ ਧਰਮ-ਅਧਿਐਨ ਦਾ ਇਕ ਬਾਹਰ-ਮੁਖੀ ਦ੍ਰਿਸ਼ਟੀ-ਬਿੰਦੂ ਵੀ ਹੁੰਦਾ ਹੈ....ਪਰ ਇਹਨਾਂ ਪ੍ਰਸ਼ਨਾਂ ਦਾ ਉੱਤਰ ਨਿਰੋਲ ਬਾਹਰ-ਮੁਖੀ ਸਮਾਜਿਕ ਵਿਹਾਰ ਦੇ ਆਧਾਰ 'ਤੇ ਨਹੀਂ ਦਿੱਤਾ ਜਾ ਸਕਦਾ ਸਗੋਂ ਮਨੁੱਖੀ ਭਾਈਚਾਰਿਆਂ ਦੇ ਸਮੂਹਿਕ ਅਵਚੇਤਨ ਦੇ ਹਵਾਲੇ ਨਾਲ ਹੀ ਦਿੱਤਾ ਜਾ ਸਦਕਾ ਹੈ।[7] ਨਿਰਮਲੇ ਸੰਤਾਂ ਦੇ ਗਿਆਨ ਦਾ ਵੇਗ ਭਾਰਤੀ ਸਮਾਜ ਦੀਆਂ ਅਨੇਕ ਪਰੰਪਰਾਵਾਂ ਨੂੰ ਪੁਨਰ ਪਰਿਭਾਸ਼ਤ ਕਰਦਾ ਨਜ਼ਰ ਆਉਂਦਾ ਹੈ। ਇਹਨਾਂ ਸੰਤਾਂ ਨੇ ਹਿੰਦੂ ਮੱਤ ਦੇ ਮੰਨੇ-ਪ੍ਰਮੰਨੇ ਵਿਦਵਾਨਾਂ ਨਾਲ ਧਰਮ ਸ਼ਾਸਤ੍ਰੀ ਸੰਵਾਦ ਰਚਾਕੇ ਆਪਣੇ ਗਿਆਨ ਦਾ ਵਿਵੇਕ ਸਿਰਜਿਆ ਹੈ। ਸੰਵਾਦ ਵਜੋਂ ਹੋਂਦ ਵਿਚ ਆਈਆਂ ਇਹਨਾਂ ਚਰਚਾਵਾਂ ਨੂੰ ਨਿਰਮਲਾ ਸੰਤਾਂ ਨੇ 'ਸ਼ਾਸਤ੍ਰਾਰਥ' ਦੀ ਸੰਗਿਆ ਦਿਤੀ ਹੈ।

ਨਿਰਮਲੇ ਸੰਤਾਂ ਦਾ ਮੁੱਢਲਾ ਸਮਾਂ ਵਧੇਰੇ ਸਿਰੜ ਤੇ ਸੰਤੋਖ ਵਾਲਾ ਰਿਹਾ ਹੈ। ਇਹ ਸੰਤ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਹੋਰਨਾਂ ਸੰਪ੍ਰਦਾਵਾਂ ਦੇ ਟਿਕਾਣਿਆਂ 'ਤੇ ਜਾ ਕੇ ਆਰਾਮ ਕਰਦੇ ਅਤੇ ਸਨਾਤਨੀ ਬਾਣੇ ਵਿਚ ਹੋਰ ਸਾਧੂ/ਸਨਿਆਸੀਆਂ ਦੇ ਲੰਗਰਾਂ ਵਿਚੋਂ ਅੰਨ ਗ੍ਰਹਿਣ ਕਰਕੇ ਆਪਣੇ ਉਦੇਸ਼ ਦੀ ਪੂਰਤੀ ਲਈ ਯਤਨਸ਼ੀਲ ਰਹਿੰਦੇ ਸਨ। ਇਹਨਾਂ ਦੀ ਸਹਿਜ ਅਤੇ ਸਰਲ ਜੀਵਨ ਸ਼ੈਲੀ ਸਦਕਾ ਲੋਕਾਂ ਵਿਚ ਲੋਕਪ੍ਰਿਯਤਾ ਵਧਦੀ ਚਲੀ ਗਈ। ਇਹ ਜਿਸ ਵੀ ਹਾਲਤ ਵਿਚ ਸਾਧਾਰਨ ਲੋਕਾਂ ਦੇ ਸੰਪਰਕ ਵਿਚ ਆਉਂਦੇ ਆਪਣੇ ਟੀਚੇ ਅਨੁਸਾਰ ਗੁਰਬਾਣੀ ਅਤੇ ਸੰਸਕ੍ਰਿਤ ਵਿਦਿਆ ਦਿੰਦੇ ਰਹੇ। ਨਿਰਮਲਿਆਂ ਦੀ ਹਰਮਨ-ਪਿਆਰਤਾ ਦਾ ਇਕ ਕਾਰਨ ਇਹ ਵੀ

ਮੰਨਿਆ ਜਾ ਸਕਦਾ ਹੈ ਕਿ ਉਸ ਸਮੇਂ ਵਿਦਿਆ ’ਤੇ ਕਾਬਜ਼ ਧਿਰ ਗ਼ੈਰ-ਬ੍ਰਾਹਮਣ ਵਰਗਾਂ ਨੂੰ ਵਿਦਿਆ ਦੇਣ ਦੇ ਹੱਕ ਵਿਚ ਨਹੀਂ ਸੀ, ਇਸ ਕਰਕੇ ਨਿਰਮਲੇ ਸੰਤਾ ਨੇ ਸਧਾਰਨ ਲੋਕਾਂ ਵਿਚ ਵਿਦਿਆ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਨਿਰਮਲਿਆਂ ਦੀ ਨਿਰਲੇਪ ਘਾਲਣਾ ਸਦਕਾ ਉਹਨਾਂ ਨੂੰ ਲੋਕਾਂ ਨੇ ਡੇਰਿਆਂ ਅਤੇ ਪਾਠਸ਼ਾਲਾਵਾਂ ਲਈ ਜ਼ਮੀਨਾਂ ਦਿੱਤੀਆਂ। ਡੇਰਿਆਂ ਦੀ ਉਸਾਰੀ ਅਤੇ ਪਾਠਸ਼ਾਲਾਵਾਂ ਦੀ ਸਥਾਪਤੀ ਨਾਲ ਨਿਰਮਲਾ ਪੰਥ ਨੇ ਸਮਾਜਿਕ ਅਤੇ ਸਭਿਆਚਾਰਕ ਕਾਰਜਾਂ ਨੂੰ ਹੋਰ ਸ਼ਿੱਦਤ ਨਾਲ ਕਰਨਾ ਆਰੰਭਿਆ, ਜਿਸ ਨਾਲ ਪੰਜਾਬ ਦਾ ਸਮਾਜ-ਸਭਿਆਚਾਰਕ ਵਿਰਸਾ ਹੋਰ ਅਮੀਰ ਹੋਇਆ।

ਨਿਰਮਲਾ ਪੰਥ ਦੀਆਂ ਵਿਦਿਅਕ ਪਾਠਸ਼ਾਲਾਂ ਵਿਚ ਕਿਤਾਬੀ ਗਿਆਨ ਦੇ ਨਾਲ-ਨਾਲ ਦੁਨਿਆਵੀ ਗਿਆਨ ਵੀ ਵਿਸ਼ੇਸ਼ ਕਰਕੇ ਦਿੱਤਾ ਜਾਂਦਾ ਰਿਹਾ ਹੈ। ਸਿੱਖਿਆਰਥੀਆਂ ਨੂੰ ਪੰਥ ਦੇ ਸੰਸਕਾਰ, ਲੋਕਾਂ ਵਿਚ ਵਿਚਰਨਾ, ਉੱਠਣਾ-ਬੈਠਣਾ ਸਭ ਕੁਝ ਸਿਖਾਉਣਾ ਗੁਰੂ ਦੀ ਜ਼ਿੰਮੇਵਾਰੀ ਹੁੰਦੀ ਹੈ। ਭਾਵ ਕਿ ਨਿਰਮਲੇ ਸੰਤ ਗੁਰਬਾਣੀ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਨਿਵੇਕਲਾ ਸਮਾਜ-ਸਭਿਆਚਾਰਕ ਮਾਡਲ ਉਸਾਰਨ ਵਿਚ ਯਤਨਸ਼ੀਲ ਸਨ। ਸਿੱਖ ਧਰਮ ਦੀ ਇਸ ਗਿਆਨਸ਼ੀਲ ਸੰਪ੍ਰਦਾਇ ਦੀ ਕਾਰਜ਼ਸ਼ੀਲਤਾ ਨੂੰ ਸਮਝਣ ਲਈ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਭਾਰਤੀ ਸਮਾਜ-ਸਭਿਆਚਾਰ ਦੀ ਤਰਜ਼ਮਾਨੀ ਕਰਦੇ ਗ੍ਰੰਥਾਂ ਦੇ ਵਿਆਖਿਆ-ਵਿਸ਼ਲੇਸ਼ਣ ਲਈ ਭਾਰਤੀ ਗਿਆਨ ਮੀਮਾਂਸਾ ਨੂੰ ਆਧਾਰ ਬਨਾਉਣਾ ਵਾਜਬ ਹੋਵੇਗਾ। ਕਿਸੇ ਧਾਰਮਿਕ ਗ੍ਰੰਥ ਦੀਆਂ ਸੰਚਾਰ ਜੁਗਤਾਂ ਸੰਬੰਧਿਤ ਸਮਾਜ-ਸਭਿਆਚਾਰ ਦਾ ਸੰਚਾਰ ਕਰਨ ਦੇ ਵਧੇਰੇ ਯੋਗ ਹੁੰਦੀਆਂ ਹਨ ਇਸ ਵਿਚ ਕੋਈ ਦੋ ਰਾਵ੍ਹਾਂ ਨਹੀਂ ਕਿ ਨਿਰਮਲਿਆਂ ਨੇ ਨਾ-ਕੇਵਲ ਗੁਰੂਬਾਣੀ ਵਿਚਾਰਧਾਰਾ ਨੂੰ ਵਿਰਾਸਤੀ ਸੋਮਿਆਂ ਨਾਲ ਜੋੜੀ ਰੱਖਿਆ ਹੈ ਸਗੋਂ ਪੰਜਾਬ ਦੀ ਸਮਾਜ-ਸਭਿਆਚਾਰਕ ਵਿਰਾਸਤ ਦੀ ਉਸਾਰੀ ਵਿਚ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਨਿਰਮਲੇ ਸੰਤਾਂ ਨੇ ਜਿੰਨ੍ਹਾਂ ਪ੍ਰਚਾਰ ਕੇਂਦਰਾਂ/ਡੇਰਿਆਂ ਦੀ ਸਥਾਪਨਾ ਕੀਤੀ ਉਨ੍ਹਾਂ ਨੂੰ ਸਾਧ ਭਾਸ਼ਾ ਵਿਚ ਅਖਾੜੇ ਕਿਹਾ ਜਾਂਦਾ ਹੈ। ਅਧਿਆਤਮਕ ਕਾਰਜਾਂ ਤੋਂ ਇਲਾਵਾ ਇੰਨ੍ਹਾਂ ਅਖਾੜਿਆਂ ਜਾਂ ਡੇਰਿਆਂ ਵਿਚ ਲੋਕ ਭਲਾਈ ਦੇ ਹੋਰ ਵੀ ਅਨੇਕ ਕਾਰਜ ਨਿਰੰਤਰ ਹੁੰਦੇ ਰਹਿੰਦੇ ਹਨ। ਨਿਰਮਲੇ ਸੰਤਾਂ ਨੇ ਸਮਾਜਿਕ ਤੇ ਭਾਈਚਾਰਕ ਸਾਂਝ ਨੂੰ ਸਥਾਪਿਤ ਕਰਨ ਲਈ ਛੋਟੇ-ਛੋਟੇ ਪਿੰਡਾਂ, ਕਸਬਿਆਂ, ਨਗਰਾਂ ਦੇ ਲੋਕਾਂ ਨੂੰ ਮੰਡਲੀਆਂ ਵਿਚ ਜਾ ਕੇ ਗੁਰਮਤਿ ਗਿਆਨ ਦੇਣਾ ਅਰੰਭ ਕੀਤਾ। ਇਨ੍ਹਾਂ ਵਿਚੋਂ “ਰਾਗ, ਸਾਜ਼, ਗਾਇਨ, ਵਿਖਿਆਨ ਦੀ ਵਿਦਿਆ ਵਿਚ ਪ੍ਰਬੀਨ ਸੰਤ ਜਿੱਥੇ ਵੀ ਜਾਂਦੇ ਸਨ, ਸਥਾਨਕ ਸੰਗਤ ਨੂੰ ਜੋੜ ਲੈਂਦੇ ਸਨ। ਇਸ ਨਾਲ ਸਮਾਜ ਵਿਚ ਇਕਸੁਰਤਾ ਪੈਦਾ ਕਰਨ ਵਿਚ ਸਹਾਇਤਾ ਹੁੰਦੀ ਸੀ ਅਤੇ ਲੋਕ ਬਹੁਤ ਸਾਰੀਆਂ ਸਮਾਜਿਕ ਤੇ ਮਾਨਸਿਕ ਪਰੇਸ਼ਾਨੀਆਂ ਤੋਂ ਮੁਕਤ ਹੋ ਕੇ ਸੇਵਾ ਅਤੇ ਪ੍ਰੇਮ ਦੇ ਗੁਣਾਂ ਦਾ ਪ੍ਰਗਟਾਵਾ ਕਰਦੇ ਸਨ।[8] ਮੰਡਲੀਆਂ ਵਿਚ ਵਿਚਰਦੇ ਸੰਤਾਂ ਦਾ ਸਮਾਜ-ਸਭਿਆਚਾਰ ਨੂੰ ਸੁਦ੍ਰਿੜ ਕਰਨ ਲਈ ਇਹ ਇਕ ਨਿਵੇਕਲਾ ਉਪਰਾਲਾ ਸੀ। ਇਨ੍ਹਾਂ ਯਤਨਾਂ ਰਾਹੀਂ ਨਿਰਮਲੇ ਸੰਤਾਂ ਨੇ ਆਮ ਲੋਕਾਂ ਵਿਚਲੇ ਸਮਾਜਿਕ ਤੇ ਸਭਿਆਚਾਰਕ ਭੇਦਭਾਵ ਨੂੰ ਮਿਟਾਉਣ ਲਈ ਸੰਸਥਾਗਤ ਕਾਰਜ ਕੀਤਾ ਹੈ।

ਨਿਰਸੰਦੇਹ ਵਰਤਮਾਨ ਸਮੇਂ ਦੌਰਾਨ ਤਕਨੋਲੋਜ਼ੀ ਦੇ ਵਧਦੇ ਹੋਏ ਦਖਲ ਨੇ ਸਮਾਜਿਕ ਅਤੇ ਸਭਿਆਚਾਰਕ ਸੰਸਥਾਂਵਾਂ ਦੇ ਵਿਰਾਸਤੀ ਤੌਰ-ਤਰੀਕਿਆਂ ਨੂੰ ਪ੍ਰਭਾਵਿਤ ਕੀਤਾ ਹੈ ਪਰੰਤੂ ਨਿਰਮਲਿਆਂ ਨੇ ਹਰੇਕ ਛੋਟੇ-ਵੱਡੇ ਖੇਤਰ ਵਿਚ ਭ੍ਰਮਣ ਕਰਕੇ ਸਮਾਜ-ਸਭਿਆਚਾਰ ਨੂੰ ਸਾਕਾਰਾਤਮਕ ਦਿਸ਼ਾ ਦਿਖਾਈ ਹੈ। ਭ੍ਰਮਣ ਕਰਕੇ ਪ੍ਰਚਾਰ ਕਰਨ ਵਾਲੀਆਂ ਇਨ੍ਹਾਂ ਮੰਡਲੀਆਂ ਨੂੰ ‘ਰਮਤ ਅਖਾੜੇ’ ਆਖਿਆ ਜਾਂਦਾ ਹੈ, ਰਮਤ ਤੋਂ ਭਾਵ ਤੁਰਦੇ-ਫਿਰਦੇ ਸੰਤਾਂ ਦੀ ਟੋਲੀ ਹੈ। ‘ਰਮਤ’ ਅਖਾੜਿਆਂ ਦੇ ਸੰਤ ਆਪਣੇ ਨਾਲ ‘ਗੁਰੂ ਗ੍ਰੰਥ ਸਾਹਿਬ’ ਦੀ ਸਵਾਰੀ ਨੂੰ ਲੈ ਕੇ ਚਲਦੇ-ਫਿਰਦੇ ਪ੍ਰਚਾਰ ਕਰਦੇ ਹਨ। ਇਸ ਪ੍ਰਚਾਰ ਸਦਕਾ ਜਿੱਥੇ ਲੋਕਾਂ ਵਿਚ ਅਧਿਆਤਮਕ ਸੋਝੀ ਆਉਂਦੀ ਹੈ ਉੱਥੇ ਸਮਾਜ-ਸਭਿਆਚਾਰਕ ਰਿਸ਼ਤੇ ਵੀ ਮਜ਼ਬੂਤ ਹੁੰਦੇ ਹਨ। ਇਉਂ ਨਿਰਮਲਿਆਂ ਦੁਆਰਾ ਪੰਜਾਬ ਦੇ ਸਮਾਜ-ਸਭਿਆਚਾਰਕ ਵਿਰਸੇ ਨੂੰ ਮਜ਼ਬੂਤ ਕਰਨ ਲਈ ਕੀਤੇ ਕਾਰਜਾਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਾਚਿਆ ਜਾ ਸਕਦਾ ਹੈ। ਨਿਰਮਲਿਆਂ ਨੇ ਜਿੱਥੇ ਗੁਰਮਤਿ ਪ੍ਰਚਾਰ ਲਈ ਲੋਕਾਂ ਵਿਚ ਵਿਦਿਆ ਦਾ ਸੰਚਾਰ ਕੀਤਾ ਅਤੇ ਸਮਾਜਿਕ ਇਕਸੁਰਤਾ ਕਾਇਮ ਕੀਤੀ ਉੱਥੇ ਉਨ੍ਹਾਂ ਨੇ ਲੋਕਾਈ ਦੇ ਕਸ਼ਟ ਨਿਵਾਰਕ ਬਣਕੇ ਵੀ ਅਹਿਮ ਭੂਮਿਕਾ ਨਿਭਾਈ ਹੈ।

ਨਿਰਮਲਾ ਪੰਥ ਬਾਰੇ ਅਧਿਐਨ ਕਰਨ ਉਪਰੰਤ ਸਮੁੱਚੇ ਤੌਰ ’ਤੇ ਵੇਖਿਆ ਜਾਵੇ ਤਾਂ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਇਸ ਪੰਥ ਨੇ ਹੋਰਾਂ ਸੰਪ੍ਰਦਾਵਾਂ ਤੋਂ ਵਧੇਰੇ ਕਾਰਜ ਕੀਤਾ ਹੈ। ਭਾਰਤੀ ਗਿਆਨ ਪਰੰਪਰਾ ਨੂੰ ਆਤਮਸਾਤ ਕਰਕੇ ਨਵੀਨਤਾ ਵੱਲ ਆਉਣ ਦਾ ਇਹ ਇਕ ਅਜਿਹਾ ਉਪਰਾਲਾ ਸੀ ਜਿਸ ਨਾਲ ਸਧਾਰਨ ਜਨ ਮਾਨਸ ਨੂੰ ਵਿੱਦਿਆ ਪ੍ਰਾਪਤੀ ਅਤੇ ਧਾਰਮਿਕ ਗਿਆਨ ਦੇ ਮੌਕੇ ਮੁਹੱਈਆ ਹੋਣੇ ਆਰੰਭ ਹੋਏ। ਨਿਰਮਲਾ ਪੰਥ ਦੇ ਵਿਦਵਾਨਾਂ ਨੇ ਜਿੱਥੇ ਸਿੱਖਾਂ ਦੇ ਬੌਧਿਕ ਪੱਧਰ ਨੂੰ ਉਚੇਰਾ ਕਰਨ ਵਿਚ ਅਹਿਮ ਯੋਗਦਾਨ ਪਾਇਆ ਉੱਥੇ ਪੰਜਾਬ ਦੇ ਲੋਕਾਂ ਵਿਚ ਆਪਸੀ ਸਮਾਜ-ਸਭਿਆਚਾਰਕ ਸਾਂਝਾਂ ਸਿਰਜਣ ਵਿਚ ਵੀ ਵਡਮੁੱਲਾ ਹਿੱਸਾ ਪਾਇਆ ਅਤੇ ਲੋਕਾਈ ਨੂੰ ਆਪਸੀ ਭਾਈਚਾਰਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਨਿਰਮਲਾ ਪੰਥ ਵੱਲੋਂ ਕੀਤੇ ਜਾ ਰਹੇ ਸਮਾਜਕ ਤੇ ਸਭਿਆਚਾਰਕ ਕਾਰਜਾਂ ਨੂੰ ਪੰਜਾਬ ਦੀ ਸਮਾਜ-ਸਭਿਆਚਾਰਕ ਵਿਰਾਸਤ ਦੀ ਉਸਾਰੀ ਅਤੇ ਸਾਂਭ-ਸੰਭਾਲ ਦੇ ਪ੍ਰਸੰਗ ਵਿਚ ਵਧੇਰੀ ਪੁਖ਼ਤਗੀ ਨਾਲ ਸਮਝਿਆ ਜਾ ਸਕਦਾ ਹੈ।

## ਟਿੱਪਣੀਆਂ ਤੇ ਹਵਾਲੇ


1. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ-ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-195
2. ਸੁਰਜੀਤ ਸਿੰਘ ਭੱਟੀ, ਸਿੱਖ ਚਿੰਤਨ : ਪਰੰਪਰਾ ਤੇ ਪਰਿਵਰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ-156
3. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ-ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-195
4. ਪ੍ਰੀਤਮ ਸਿੰਘ, ਨਿਰਮਲ ਸੰਪ੍ਰਦਾਇ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981, ਪੰਨਾ-35
5. ਸੁਰਜੀਤ ਸਿੰਘ ਭੱਟੀ, ਉਹੀ, ਪੰਨਾ-152
6. ਧਨਵੰਤ ਕੌਰ ਤੇ ਇੰਦਰਜੀਤ ਕੌਰ, ਸਭਿਆਚਾਰ ਦੇ ਚਾਰ ਅਧਿਆਇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ-456
7. ਸਰਬਜਿੰਦਰ ਸਿੰਘ, ਵਿਆਖਿਆ ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ-08
8. ਡਾ. ਪਰਮਵੀਰ ਸਿੰਘ, ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ, ਸ੍ਰੀ ਪੰਚਾਇਤੀ ਅਖਾੜਾ ਨਿਰਮਲ, ਕਨਖਲ, 2011, ਪੰਨਾ-163


ਮੋਬਾ. 8059795911